# ਬੱਚਿਆਂ ਅਤੇ ਅੱਲ੍ਹੜਾਂ ਲਈ *Aripiprazole (ਏਅਰੀਪਿਪ੍ਰਾਜ਼ੋਲ)* ਦਾ ਇਸਤੇਮਾਲ ਕਰਨਾ



## ਸੰਖੇਪ ਵੇਰਵਾ

***Aripiprazole (Abilify*®*ਏਬਿਲੀਫਾਈ*®*, Abilify Maintena*® *ਏਬਿਲੀਫਾਈ ਮੇਨਟੈਨਾ)*** ਦਵਾਈਆਂ ਦੇ ਉਸ ਸਮੂਹ ਨਾਲ ਸੰਬੰਧਿਤ ਹੈ ਜਿਸ ਨੂੰ "ਅਟਿਪੀਕਲ ਐਂਟੀਸਾਇਕੋਟਿਕਸ" (ਖ਼ਾਸ ਗੰਭੀਰ ਮਾਨਸਿਕ ਰੋਗ ਵਿਰੋਧੀ) ਜਾਂ "ਥਰਡ ਜੈਨਰੇਸ਼ਨ ਐਂਟੀਸਾਇਕੋਟਿਕਸ" (ਆਧੁਨਿਕ ਮਾਨਸਿਕ ਰੋਗ ਵਿਰੋਧੀ) ਕਿਹਾ ਜਾਂਦਾ ਹੈ।

## *Aripiprazole* ਦੀ ਵਰਤੋਂ ਕਿਸ ਕੰਮ ਲਈ ਕੀਤੀ ਜਾਂਦੀ ਹੈ?

15 ਸਾਲ ਦੀ ਉਮਰ ਜਾਂ ਇਸ ਤੋਂ ਉੱਪਰ ਉਮਰ ਵਾਲੇ ਅੱਲ੍ਹੜਾਂ ਵਿੱਚ ਹੋਣ ਵਾਲੇ ਸਕਿਜ਼ੋਫ੍ਰੇਨੀਆ (ਖੰਡਤ ਮਾਨਸਿਕਤਾ ਜਾਂ ਪਾਗਲਪਨ) ਅਤੇ ਸੋਚ-ਵਿਚਾਰ ਸੰਬੰਧੀ ਹੋਰ ਵਿਗਾੜਾਂ ਅਤੇ 13 ਸਾਲ ਜਾਂ ਇਸ ਤੋਂ ਉੱਪਰ ਉਮਰ ਵਾਲੇ ਅੱਲ੍ਹੜਾਂ ਨੂੰ ਹੋਣ ਵਾਲੇ ਦੋ ਧਰੁਵੀ ਵਿਗਾੜਾਂ ਦੇ ਇਲਾਜ ਲਈ Aripiprazole ਨੂੰ ਹੈਲਥ ਕੈਨੇਡਾ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ। ਬਚਪਨ ਵਿੱਚ ਹੋਣ ਵਾਲੇ ਕਈ ਵਿਗਾੜਾਂ ਦੇ ਇਲਾਜ ਵਾਸਤੇ ਵਰਤੀਆਂ ਜਾਣ ਵਾਲੀਆਂ ਕਈ ਹੋਰ ਦਵਾਈਆਂ ਵਾਂਗ Aripiprazole ਨੂੰ ਬੱਚਿਆਂ ਅਤੇ ਅੱਲ੍ਹੜਾਂ ਲਈ ਹੋਰ ਕਿਸੇ ਕੰਮ ਲਈ ਵਰਤਣ ਦੀ ਹੈਲਥ ਕੈਨੇਡਾ ਵੱਲੋਂ ਪ੍ਰਵਾਨਗੀ ਨਹੀਂ ਹੈ। ਜਦੋਂ Aripiprazole ਦੀ ਵਰਤੋਂ ਦੇ ਸੰਭਾਵੀ ਫ਼ਾਇਦੇ (ਜਿਵੇਂ ਕਿ ਤੁਹਾਡੇ ਲੱਛਣਾਂ ਵਿੱਚ ਕਮੀ) ਸੰਭਾਵੀ ਖ਼ਤਰਿਆਂ (ਜਿਵੇਂ ਕਿ ਮਾੜੇ ਪ੍ਰਭਾਵ) ਤੋਂ ਜ਼ਿਆਦਾ ਹੋਣ, ਉਦੋਂ ਕਈ ਡਾਕਟਰ ਕਈ ਅਲਾਮਤਾਂ ਨੂੰ ਠੀਕ ਕਰਨ ਵਾਸਤੇ ਇਸ ਨੂੰ "ਆਫ ਲੇਬਲ" ਲਿਖ ਸਕਦੇ ਹਨ। ਇਹ ਅਲਾਮਤਾਂ ਹਨ:

- 15 ਸਾਲ ਤੋਂ ਘੱਟ ਉਮਰ ਦੇ ਮਰੀਜ਼ਾਂ ਵਿੱਚ ਸਕਿਜ਼ੋਫ੍ਰੇਨੀਆ (ਖੰਡਤ ਮਾਨਸਿਕਤਾ ਜਾਂ ਪਾਗਲਪਨ) ਅਤੇ ਸੋਚ-ਵਿਚਾਰ ਸੰਬੰਧੀ ਹੋਰ ਵਿਗਾੜ
- 13 ਸਾਲ ਤੋਂ ਘੱਟ ਉਮਰ ਦੇ ਮਰੀਜ਼ਾਂ ਵਿੱਚ ਬਾਈਪੋਲਰ ਡਿਸਆਰਡਰ (ਦੋ-ਧਰੁਵੀ ਵਿਗਾੜ)
- ਆਟਿਜ਼ਮ ਨਾਲ ਸੰਬੰਧਿਤ ਚਿੜ੍ਹਚਿੜ੍ਹਾਪਣ
- ਅੰਗ ਫੜਕਨ ਦਾ ਵਿਗਾੜ ਜਿਸ ਵਿੱਚ ਟੂਰੈੱਟ ਸਿੰਡਰੋਮ (ਬੇਕਾਬੂ ਸਰੀਰਕ ਹਰਕਤਾਂ ਦੀ ਬਿਮਾਰੀ) ਵੀ ਸ਼ਾਮਲ ਹੈ
- ਵਿਘਨਕਾਰੀ ਵਿਹਾਰ ਨਾਲ ਸੰਬੰਧਿਤ ਵਿਗਾੜ (ਗੁੱਸੇ ਅਤੇ ਨਫਰਤ ਭਰਿਆ ਹਮਲਾ)
- ਡਿਪਰੈਸ਼ਨ ਦੇ ਇਲਾਜ ਲਈ ਕਿਸੇ ਐਂਟੀਡਿਪਰੈਸੈਂਟ ਨਾਲ ਜੋੜ

ਤੁਹਾਡਾ ਡਾਕਟਰ ਕਿਸੇ ਹੋਰ ਕਾਰਨ ਕਰਕੇ ਵੀ ਇਹ ਦਵਾਈ ਇਸਤੇਮਾਲ ਕਰ ਰਿਹਾ ਹੋ ਸਕਦਾ ਹੈ। ਜੇ ਤੁਹਾਨੂੰ ਇਹ ਸਪਸ਼ਟ ਨਹੀਂ ਹੈ ਕਿ ਤੁਹਾਨੂੰ ਇਹ ਦਵਾਈ ਕਿਉਂ ਲਿਖੀ ਗਈ ਹੈ, ਕਿਰਪਾ ਕਰਕੇ ਆਪਣੇ ਡਾਕਟਰ ਨੂੰ ਪੁੱਛ ਲਓ।



## *Aripiprazole* ਕਿਵੇਂ ਕੰਮ ਕਰਦੀ ਹੈ?

ਦੂਸਰੀਆਂ ਅਟਿਪੀਕਲ ਐਂਟੀਸਾਇਕੋਟਿਕਸ ਦੀ ਤਰ੍ਹਾਂ Aripiprazole ਵੀ ਦਿਮਾਗ ਵਿਚਲੇ ਰਸਾਇਣਾਂ, ਜਿਨ੍ਹਾਂ ਨੂੰ ਡੋਪਾਮਾਇਨ ਅਤੇ ਸੈਰੋਟੋਨਿਨ ਕਿਹਾ ਜਾਂਦਾ ਹੈ, ਉੱਤੇ ਅਸਰ ਪਾਉਂਦੀ ਹੈ। ਜਿਹਨਾਂ ਲੋਕਾਂ ਵਿੱਚ ਖੰਡਤ ਮਾਨਸਿਕਤਾ ਅਤੇ ਦੋ-ਧਰੁਵੀ ਵਿਗਾੜਾਂ ਦੇ ਸੰਕੇਤ ਹਨ, ਉਨ੍ਹਾਂ ਵਿੱਚ ਇਹ ਮਦਦ ਕਰਦੀ ਦਿਖਾਈ ਗਈ ਹੈ। ਐਂਟੀਸਾਇਕੋਟਿਕਸ ਖੰਡਤ ਮਾਨਸਿਕਤਾ ਅਤੇ ਦੋ-ਧਰੁਵੀ ਵਿਗਾੜਾਂ ਦੇ ਸੰਕੇਤਾਂ ਨੂੰ ਕਿਸ ਤਰ੍ਹਾਂ ਠੀਕ ਕਰਦੇ ਹਨ, ਇਸ ਗੱਲ ਦਾ ਨਿਸ਼ਚਿਤ ਢੰਗ ਪੂਰੀ ਤਰ੍ਹਾਂ ਨਾਲ ਨਹੀਂ ਜਾਣਿਆ ਜਾ ਸਕਿਆ ਹੈ।

## ਬੱਚਿਆਂ ਅਤੇ ਅੱਲ੍ਹੜਾਂ ਵਿੱਚ *Aripiprazole* ਕਿੰਨੀ ਕੁ ਚੰਗੀ ਤਰ੍ਹਾਂ ਕੰਮ ਕਰਦੀ ਹੈ?

ਮੌਜੂਦਾ ਸਬੂਤ ਬੱਚਿਆਂ ਅਤੇ ਅੱਲ੍ਹੜਾਂ ਲਈ Aripiprazole ਦਾ ਇਸਤੇਮਾਲ ਕੀਤੇ ਜਾਣ ਦਾ ਸਮਰਥਨ ਕਰਦੇ ਹਨ। ਖੰਡਤ ਮਾਨਸਿਕਤਾ ਅਤੇ ਦੋ-ਧਰੁਵੀ ਵਿਗਾੜਾਂ ਦੇ ਇਲਾਜ ਸੰਬੰਧੀ ਇੱਕ ਅਧਿਐਨ ਵਿੱਚ Aripiprazole ਨੂੰ ਪਲੈਸੀਬੋ (ਇੱਕ ਫ਼ੋਕੀ ਗੋਲੀ ਜਿਹੜੀ ਦੇਖਣ ਵਿੱਚ ਦਵਾਈ ਵਰਗੀ ਲੱਗਦੀ ਹੈ) ਨਾਲੋਂ ਵਧੀਆ ਦਿਖਾਇਆ ਗਿਆ ਹੈ। ਬੱਚਿਆਂ ਅਤੇ ਅੱਲ੍ਹੜਾਂ ਵਿੱਚ ਇਨ੍ਹਾਂ ਵਿਗਾੜਾਂ ਦੇ ਇਲਾਜ ਲਈ Aripiprazole ਅਮਰੀਕਾ ਵਿੱਚ ਵੀ ਪ੍ਰਵਾਨਿਤ ਹੈ। ਟੂਰੈੱਟ ਸਿੰਡਰੋਮ (ਬੇਕਾਬੂ ਸਰੀਰਕ ਹਰਕਤਾਂ ਦੀ ਬਿਮਾਰੀ) ਅਤੇ ਆਟਿਜ਼ਮ ਨਾਲ ਸੰਬੰਧਿਤ ਚਿੜ੍ਹਚਿੜ੍ਹੇਪਣ ਦੇ ਇਲਾਜ ਲਈ Aripiprazole ਨੂੰ ਪਲੈਸੀਬੋ ਨਾਲੋਂ ਵਧੀਆ ਦਰਸਾਇਆ ਗਿਆ ਹੈ।

ਵਿਘਟਨਕਾਰੀ ਵਿਹਾਰ ਅਤੇ ਗੁੱਸੇ ਅਤੇ ਨਫਰਤ ਭਰੇ ਹਮਲੇ ਕਰਨ ਦੀਆਂ ਬਿਮਾਰੀਆਂ ਦੇ ਇਲਾਜ ਵਿੱਚ Aripiprazole ਦੇ ਇਸਤੇਮਾਲ ਵਾਰੇ ਘੱਟ ਜਾਣਕਾਰੀ ਉਪਲਬਧ ਹੈ। ਫਿਰ ਵੀ, ਉਪਲਬਧ ਸਬੂਤ ਸਮਰਥਨ ਹੀ ਕਰਦੇ ਹਨ।

## *Aripiprazole* ਕਿਵੇਂ ਲਈ ਜਾਣੀ ਚਾਹੀਦੀ ਹੈ?

Aripiprazole ਗੋਲੀ ਦੀ ਕਿਸਮ ਵਿੱਚ ਮਿਲਦੀ ਹੈ ਜਿਹੜੀ ਦਿਨ ਵਿੱਚ ਇੱਕ ਵਾਰ ਭੋਜਨ ਦੇ ਨਾਲ ਜਾਂ ਇਸ ਤੋਂ ਬਿਨਾਂ ਵੀ ਲਈ ਜਾ ਸਕਦੀ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਇਸ ਦਵਾਈ ਨਾਲ ਪੇਟ ਖਰਾਬ ਹੁੰਦਾ ਹੈ ਤਾਂ ਇਸ ਨੂੰ ਭੋਜਨ ਦੇ ਨਾਲ ਲੈਣ ਦਾ ਯਤਨ ਕਰੋ। Aripiprazole ਹਰ ਰੋਜ਼ ਇੱਕੋ ਸਮੇਂ `ਤੇ ਤੁਹਾਡੇ ਡਾਕਟਰ ਦੇ ਨਿਰਦੇਸ਼ ਮੁਤਾਬਕ ਲਈ ਜਾਣੀ ਚਾਹੀਦੀ ਹੈ। ਇਸ ਨੂੰ ਆਪਣੇ ਕਿਸੇ ਰੋਜ਼ਾਨਾ ਕਾਰਜ ਨਾਲ ਜੋੜਨ ਦੀ ਕੋਸ਼ਿਸ਼ ਕਰੋ (ਜਿਵੇਂ ਨਾਸ਼ਤਾ ਕਰਨਾ ਜਾਂ ਦੰਦ ਬੁਰਸ਼ ਕਰਨੇ) ਤਾਂ ਕਿ ਤੁਸੀਂ ਭੁੱਲ ਨਾ ਜਾਓ। Aripiprazole ਲੈਣ ਦੇ ਦੌਰਾਨ ਸ਼ਰਾਬ ਪੀਣ ਤੋਂ ਪਰਹੇਜ਼ ਕਰੋ।
ਆਮ ਤੌਰ `ਤੇ ਤੁਹਾਡਾ ਡਾਕਟਰ ਤੁਹਾਡੀ ਉਮਰ ਅਤੇ ਭਾਰ ਦੇ ਮੁਤਾਬਕ Aripiprazole ਦੀ ਹਲਕੀ ਖ਼ੁਰਾਕ ਨਾਲ ਸ਼ੁਰੂਆਤ ਕਰੇਗਾ ਅਤੇ ਤੁਹਾਡਾ ਪ੍ਰਤੀਕਰਮ ਵੇਖਦਿਆਂ ਕਈ ਦਿਨਾਂ ਜਾਂ ਹਫ਼ਤਿਆਂ ਦੌਰਾਨ ਹੌਲੀ-ਹੌਲੀ ਇਸ ਖ਼ੁਰਾਕ ਵਿੱਚ ਵਾਧਾ ਕੀਤਾ ਜਾਵੇਗਾ। ਤੁਸੀਂ ਇਸ ਦਵਾਈ ਨੂੰ ਕਿੰਨੀ ਚੰਗੀ ਤਰ੍ਹਾਂ ਬਰਦਾਸ਼ਤ ਕਰ ਸਕਦੇ ਹੋ (ਦਵਾਈ ਕਿੰਨੀ ਕੁ ਚੰਗੀ ਤਰ੍ਹਾਂ ਕੰਮ ਕਰ ਰਹੀ ਹੈ ਅਤੇ ਤੁਸੀਂ ਦਵਾਈ ਦੇ ਮਾੜੇ ਪ੍ਰਭਾਵਾਂ ਨਾਲ ਕਿਵੇਂ ਨਜਿੱਠ ਰਹੇ ਹੋ) ਅਤੇ ਤੁਹਾਡੇ ਲੱਛਣਾਂ ਨੂੰ ਘਟਾਉਣ ਵਿੱਚ ਇਹ ਕਿੰਨੇ ਚੰਗੇ ਤਰੀਕੇ ਨਾਲ ਸਹਾਈ ਹੁੰਦੀ ਹੈ, ਇਸ ਦੇ ਆਧਾਰ `ਤੇ ਤੁਸੀਂ ਅਤੇ ਤੁਹਾਡਾ ਡਾਕਟਰ ਇਹ ਵਿਚਾਰ-ਵਟਾਂਦਰਾ ਕਰ ਸਕਦੇ ਹੋ ਕਿ ਤੁਹਾਡੇ ਵਾਸਤੇ ਦਵਾਈ ਲੈਣੀ ਜਾਰੀ ਰੱਖਣ ਲਈ ਕਿੰਨੀ ਖ਼ੁਰਾਕ ਢੁਕਵੀਂ ਰਹੇਗੀ।
Aripiprazole ਹੌਲੀ-ਹੌਲੀ ਅਸਰ ਦਿਖਾਉਣ ਵਾਲੇ ਟੀਕੇ (ਜਿਸ ਦਾ ਨਾਂ 'Abilify Maintena' ਹੈ) ਦੇ ਰੂਪ ਵਿੱਚ ਵੀ ਉਪਲਬਧ ਹੈ। ਇਹ ਟੀਕਾ ਹਰ ੪ ਹਫ਼ਤੇ ਬਾਅਦ ਇੱਕ ਵਾਰੀ ਡਾਕਟਰ ਜਾਂ ਨਰਸ ਵੱਲੋਂ ਲਗਾਇਆ ਜਾਂਦਾ ਹੈ। ਹੌਲੀ ਅਸਰ ਕਰਨ ਵਾਲੇ ਟੀਕੇ ਲਗਵਾਉਣੇ ਸ਼ੁਰੂ ਕਰਨ ਸਮੇਂ, ਟੀਕੇ ਦਾ ਅਸਰ ਸ਼ੁਰੂ ਹੋਣ ਤਕ, ਤੁਹਾਨੂੰ ਥੋੜ੍ਹੇ ਸਮੇਂ ਤਕ ਮੂੰਹ ਰਾਹੀਂ Aripiprazole ਦੀ ਗੋਲੀ ਲੈਣੀ ਜਾਰੀ ਰੱਖਣ ਲਈ ਕਿਹਾ ਜਾ ਸਕਦਾ ਹੈ।

## *Aripiprazole* ਕਦੋਂ ਅਸਰ ਕਰਨਾ ਸ਼ੁਰੂ ਕਰਦੀ ਹੈ?

ਇਹ ਇਸ ਗੱਲ ਉੱਪਰ ਨਿਰਭਰ ਕਰਦਾ ਹੈ ਕਿ ਤੁਸੀਂ ਇਸ ਨੂੰ ਬਿਮਾਰੀ ਦੇ ਕਿਸ ਲੱਛਣ ਲਈ ਲੈ ਰਹੇ ਹੋ। ਕਈ ਵਾਰ ਤਾਂ 1 ਤੋਂ 2 ਹਫਤਿਆਂ ਵਿੱਚ ਹੀ ਫ਼ਰਕ ਦੇਖਿਆ ਜਾ ਸਕਦਾ ਹੈ। ਪਰ ਕਈ ਵਾਰ ਦਵਾਈ ਦੇ ਪੂਰੇ ਫਾਇਦੇ ਮਿਲਣ ਵਿੱਚ 6 ਹਫ਼ਤਿਆਂ ਤਕ ਦਾ ਸਮਾਂ ਲੱਗ ਸਕਦਾ ਹੈ। ਜਦੋਂ Aripiprazole ਠੀਕ ਅਸਰ ਕਰਦੀ ਹੈ ਤਾਂ ਤੁਸੀਂ ਦੇਖੋਗੇ ਕਿ ਤੁਹਾਡੇ ਵਿਚਾਰ ਵਧੇਰੇ ਸਪਸ਼ਟ ਅਤੇ ਸੰਗਠਿਤ (ਤਰਤੀਬ ਅਨੁਸਾਰ) ਹੋਣਗੇ। ਗੁੱਸਾ ਆਉਣਾ ਘੱਟ ਹੋ ਸਕਦਾ ਹੈ, ਜਿਹੜੀਆਂ ਆਵਾਜ਼ਾਂ ਜਾਂ ਵਸਤੂਆਂ ਸਿਰਫ਼ ਤੁਹਾਨੂੰ ਹੀ ਸੁਣਦੀਆਂ, ਦਿਸਦੀਆਂ ਸਨ (ਮਨੋਭ੍ਰਾਂਤੀਆਂ), ਉਹ ਪੂਰੀ ਤਰ੍ਹਾਂ ਬੰਦ ਹੋ ਜਾਣਗੀਆਂ ਜਾਂ ਬਹੁਤ ਘੱਟ ਹੋ ਜਾਣਗੀਆਂ। ਤੁਹਾਡਾ ਮੂਡ ਵਧੇਰੇ ਟਿਕਿਆ ਹੋਇਆ ਹੋ ਜਾਵੇਗਾ ਅਤੇ ਬਹੁਤ ਲੱਗਣ ਵਾਲਾ ਡਰ ਅਤੇ ਚਿੰਤਾਵਾਂ ਘੱਟ ਹੋ ਜਾਣਗੇ। ਇਹ ਗੱਲ ਮਹੱਤਵਪੂਰਨ ਹੈ ਕਿ ਚਾਹੇ ਤੁਸੀਂ ਠੀਕ ਵੀ ਮਹਿਸੂਸ ਕਰ ਰਹੇ ਹੋਵੋ ਤਾਂ ਵੀ ਆਪਣੀ Aripiprazole ਲੈਣੀ ਜਾਰੀ ਰੱਖੋ ਕਿਉਂਕਿ ਇਹ ਲੱਛਣਾਂ ਨੂੰ ਮੁੜ ਪਰਤਣ ਤੋਂ ਰੋਕੇਗੀ। ਜੇ ਤੁਸੀਂ ਇਹ ਦਵਾਈ ਮੂਡ ਵਿਗਾੜਾਂ ਦੇ ਇਲਾਜ ਲਈ ਲੈ ਰਹੇ ਹੋ ਤਾਂ ਤੁਸੀਂ ਪਹਿਲੇ 1 ਤੋਂ 2 ਹਫ਼ਤਿਆਂ ਵਿੱਚ ਹੀ ਤਬਦੀਲੀਆਂ ਦੇਖਣ ਲੱਗ ਪਵੋਗੇ।

Aripiprazole ਵਰਗੀਆਂ ਦਵਾਈਆਂ ਹਰ ਕਿਸੇ ਲਈ ਫਾਇਦੇਮੰਦ ਨਹੀਂ ਹੁੰਦੀਆਂ। ਜੇ ਤੁਸੀਂ 6 ਹਫ਼ਤਿਆਂ ਵਿੱਚ ਠੀਕ ਮਹਿਸੂਸ ਨਹੀਂ ਕਰਦੇ, ਤੁਹਾਡਾ ਡਾਕਟਰ ਤੁਹਾਨੂੰ ਕੋਈ ਹੋਰ ਦਵਾਈ ਲੈਣ ਦੀ ਸਿਫ਼ਾਰਸ਼ ਕਰ ਸਕਦਾ ਹੈ।



## ਮੈਨੂੰ *Aripiprazole* ਕਿੰਨੀ ਦੇਰ ਤਕ ਲੈਣੀ ਪਵੇਗੀ?

ਇਹ ਇਸ ਗੱਲ `ਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਲੱਛਣ ਕਿਹੋ ਜਿਹੇ ਹਨ, ਉਹ ਲੱਛਣ ਕਿੰਨੀ-ਕਿੰਨੀ ਦੇਰ ਬਾਅਦ ਸਾਹਮਣੇ ਆਉਂਦੇ ਹਨ ਅਤੇ ਤੁਹਾਡੇ ਵਿੱਚ ਇਹ ਲੱਛਣ ਕਿੰਨੇ ਸਮੇਂ ਤੋਂ ਹਨ। ਬਹੁਤੇ ਲੋਕਾਂ ਨੂੰ Aripiprazole ਕਈ ਮਹੀਨਿਆਂ ਲਈ ਲੈਣੀ ਪੈਂਦੀ ਹੈ। ਇਸ ਨਾਲ ਤੁਹਾਡੇ ਲੱਛਣਾਂ ਨੂੰ ਸਥਿਰ ਹੋਣ ਅਤੇ ਤੁਹਾਨੂੰ ਆਪਣੀ ਕਾਰਜਸ਼ੀਲਤਾ ਦੁਬਾਰਾ ਹਾਸਲ ਕਰਨ ਵਿੱਚ ਮਦਦ ਮਿਲਦੀ ਹੈ। ਤੁਹਾਡਾ ਡਾਕਟਰ Aripiprazole ਨੂੰ ਜਾਰੀ ਰੱਖਣ ਸੰਬੰਧੀ ਫ਼ਾਇਦਿਆਂ ਅਤੇ ਖ਼ਤਰਿਆਂ ਬਾਰੇ ਤੁਹਾਡੇ ਨਾਲ ਗੱਲਬਾਤ ਕਰੇਗਾ। ਇਸ ਮੌਕੇ, ਤੁਸੀਂ ਵੀ ਆਪਣੇ ਡਾਕਟਰ ਨਾਲ ਇਹ ਗੱਲਬਾਤ ਕਰ ਸਕਦੇ ਹੋ ਕਿ ਤੁਹਾਨੂੰ ਹੋਰ ਕਿੰਨਾ ਚਿਰ ਇਹ ਦਵਾਈ ਲੈਣ ਦੀ ਲੋੜ ਪੈ ਸਕਦੀ ਹੈ।

**ਆਪਣੇ ਡਾਕਟਰ ਨਾਲ ਸਲਾਹ ਕੀਤੇ ਬਗ਼ੈਰ ਇਸ ਦਵਾਈ ਦੀ ਮਾਤਰਾ ਨਾ ਵਧਾਉ, ਨਾ ਘਟਾਉ ਅਤੇ ਦਵਾਈ ਲੈਣੀ ਬੰਦ ਨਾ ਕਰੋ। ਜੇ ਤੁਸੀਂ ਅਚਾਨਕ Aripiprazole ਲੈਣੀ ਬੰਦ ਕਰ ਦਿੰਦੇ ਹੋ ਤਾਂ ਇਹ ਸੰਭਵ ਹੈ ਕਿ ਤੁਹਾਡੇ ਲੱਛਣ ਦੁਬਾਰਾ ਆ ਸਕਦੇ ਹਨ ਜਾਂ ਤੁਹਾਨੂੰ ਕੋਈ ਮਾੜਾ ਰੀਐਕਸ਼ਨ ਹੋ ਸਕਦਾ ਹੈ।**

## ਕੀ *Aripiprazole* ਦਾ ਅਮਲ ਲੱਗ ਸਕਦਾ ਹੈ?

ਨਹੀਂ, Aripiprazole ਦਾ ਅਮਲ ਨਹੀਂ ਲੱਗਦਾ ਅਤੇ ਤੁਹਾਨੂੰ ਇਹ ਦਵਾਈ ਲੈਣ ਦੀ "ਤਲਬ" ਨਹੀਂ ਹੋਵੇਗੀ, ਜਿਵੇਂ ਕਿ ਤੁਹਾਨੂੰ ਨਿਕੋਟਿਨ ਜਾਂ ਹੋਰ ਨਸ਼ੀਲੇ ਪਦਾਰਥਾਂ ਦੀ ਤਲਬ ਹੋ ਸਕਦੀ ਹੈ। ਜੇ ਤੁਸੀਂ ਅਤੇ ਤੁਹਾਡਾ ਡਾਕਟਰ ਇਹ ਫ਼ੈਸਲਾ ਕਰੋ ਕਿ Aripiprazole ਲੈਣੀ ਬੰਦ ਕਰਨਾ ਤੁਹਾਡੇ ਲਈ ਸਭ ਤੋਂ ਉੱਤਮ ਹੈ, ਤਾਂ ਤੁਹਾਡਾ ਡਾਕਟਰ ਦਵਾਈ ਨੂੰ ਖਾਣ ਤੋਂ ਬੰਦ ਕਰਨ ਬਾਰੇ ਤੁਹਾਨੂੰ ਵਿਸਥਾਰ ਸਹਿਤ ਦੱਸੇਗਾ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਤਾਂ ਕਿ ਜਦੋਂ ਤਹਾਡਾ ਸਰੀਰ ਇਸ ਦਵਾਈ ਤੋਂ ਬਿਨਾ ਰਹਿਣ ਲਈ ਆਪਣੇ ਆਪ ਨੂੰ ਢਾਲ ਰਿਹਾ ਹੋਵੇ, ਉਦੋਂ ਤੁਸੀਂ ਇਸ ਦੇ ਨਕਾਰਾਤਮਕ ਪ੍ਰਭਾਵ ਨਾ ਮਹਿਸੂਸ ਕਰੋਂ।

## *Aripiprazole* ਦੇ ਮਾੜੇ ਪ੍ਰਭਾਵ ਕੀ ਹਨ ਅਤੇ ਜੇ ਮੈਨੂੰ ਇਹ ਮਾੜੇ ਪ੍ਰਭਾਵ ਹੋ ਜਾਣ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਬਹੁਤੀਆਂ ਹੋਰਨਾ ਦਵਾਈਆਂ ਵਾਂਗ, Aripiprazole ਲੈਣ ਦੇ ਮਾੜੇ ਪ੍ਰਭਾਵ ਹੋ ਸਕਦੇ ਹਨ। ਪਰ ਬਹੁਤੇ ਮਾੜੇ ਪ੍ਰਭਾਵ ਮਾਮੂਲੀ ਅਤੇ ਥੋੜ੍ਹੇ ਸਮੇਂ ਲਈ ਹੁੰਦੇ ਹਨ। ਕਈ ਵਾਰ ਕਿਸੇ ਵੀ ਫ਼ਾਇਦੇਮੰਦ ਪ੍ਰਭਾਵ ਤੋਂ ਪਹਿਲਾਂ ਮਾੜੇ ਪ੍ਰਭਾਵ ਹੋ ਸਕਦੇ ਹਨ। ਕੁਝ ਵਿਅਕਤੀਆਂ ਨੂੰ ਅਜਿਹੇ ਮਾੜੇ ਪ੍ਰਭਾਵਾਂ ਦਾ ਅਨੁਭਵ ਹੋਣ ਦੀ ਸੰਭਾਵਨਾ ਵੀ ਹੁੰਦੀ ਹੈ ਜਿਹੜੇ ਉਨ੍ਹਾਂ ਨੂੰ ਗੰਭੀਰ ਜਾਂ ਲੰਮੇ ਸਮੇਂ ਤਕ ਚੱਲਣ ਵਾਲੇ ਮਹਿਸੂਸ ਹੋ ਸਕਦੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਇਨ੍ਹਾਂ ਨਾਲ ਨਜਿੱਠਣ ਸੰਬੰਧੀ ਤਰੀਕਿਆਂ ਬਾਰੇ ਤੁਰੰਤ ਆਪਣੇ ਡਾਕਟਰ ਨਾਲ ਗੱਲਬਾਤ ਕਰੋ। ਇਸ ਦਵਾਈ ਨੂੰ ਲੈਣ ਦੇ ਕੁਝ ਆਮ ਮਾੜੇ ਪ੍ਰਭਾਵ ਅਤੇ ਸੰਭਾਵੀ ਗੰਭੀਰ ਪ੍ਰਭਾਵ ਹੇਠਾਂ ਦਿੱਤੇ ਗਏ ਹਨ। ਬ੍ਰੈਕਟਾਂ ਵਿੱਚ ਇਨ੍ਹਾਂ ਪ੍ਰਭਾਵਾਂ ਨੂੰ ਘਟਾਉਣ ਦੇ ਤਰੀਕੇ ਸੁਝਾਏ ਗਏ ਹਨ।

### ਆਮ ਮਾੜੇ ਪ੍ਰਭਾਵ

ਮਾੜੇ ਪ੍ਰਭਾਵ ਦਵਾਈ ਸ਼ੁਰੂ ਕਰਨ ਸਮੇਂ ਜਾਂ ਦਵਾਈ ਦੀ ਖ਼ੁਰਾਕ ਵਧਾਉਣ ਤੋਂ ਬਾਅਦ ਜ਼ਿਆਦਾ ਆਮ ਹੋ ਸਕਦੇ ਹਨ। ਜੇ ਇਨ੍ਹਾਂ ਵਿੱਚੋਂ ਕੋਈ ਵੀ ਮਾੜਾ ਪ੍ਰਭਾਵ ਤੁਹਾਡੇ ਲਈ ਬਹੁਤ ਜ਼ਿਆਦਾ ਪਰੇਸ਼ਾਨੀ ਖੜ੍ਹੀ ਕਰਦਾ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ, ਨਰਸ ਜਾਂ ਫ਼ਾਰਮਾਸਿਸਟ ਨਾਲ ਗੱਲਬਾਤ ਕਰੋ।

- ਗੁੱਸਾ ਅਤੇ ਬੇਚੈਨੀ ਦੀ ਭਾਵਨਾ *(ਐਨਰਜੀ ਡ੍ਰਿੰਕਸ, ਕੋਲਾ ਅਤੇ ਕੌਫ਼ੀ ਜਿਹੀਆਂ ਚੀਜ਼ਾਂ ਤੋਂ ਮਿਲਣ ਵਾਲੀ ਕੈਫ਼ੀਨ ਤੋਂ ਪਰਹੇਜ਼ ਕਰੋ)*
- ਧੁੰਦਲਾ ਨਜ਼ਰ ਆਉਣਾ *(ਅਕਸਰ 1-2 ਹਫਤਿਆਂ ਵਿੱਚ ਖਤਮ ਹੋ ਜਾਂਦਾ ਹੈ; ਪੜ੍ਹਣ ਵੇਲੇ ਤੇਜ਼ ਰੋਸ਼ਨੀ ਜਾਂ ਅੱਖਰਾਂ ਨੂੰ ਵੱਡਾ ਕਰਕੇ ਦਿਖਾਉਣ ਵਾਲਾ ਸ਼ੀਸ਼ਾ ਵਰਤੋ)*
- ਕਬਜ਼ *(ਕਸਰਤ, ਤਰਲ ਪਦਾਰਥ, ਸਬਜ਼ੀਆਂ, ਫ਼ਲ ਅਤੇ ਫਾਇਬਰ ਵਧਾ ਦਿਓ)*
- ਚੱਕਰ ਆਉਣੇ ਜਾਂ ਡੌਰ-ਭੌਰਾ ਹੋਣਾ *(ਬੈਠਣ ਜਾਂ ਲੇਟਣ ਤੋਂ ਬਾਅਦ ਬਹੁਤ ਹੌਲੀ ਉੱਠਣ ਦੀ ਕੋਸ਼ਿਸ਼ ਕਰੋ)*
- ਥਕਾਵਟ, ਨੀਂਦ ਆਉਂਦੀ ਮਹਿਸੂਸ ਹੋਣਾ ਜਾਂ ਸੌਣ ਵਿੱਚ ਦਿੱਕਤ *(ਜੇ ਇਹ ਅਲਾਮਤਾਂ ਬਣੀਆਂ ਰਹਿੰਦੀਆਂ ਹਨ ਤਾਂ ਡਾਕਟਰ ਨਾਲ ਗੱਲ ਕਰੋ)*
- ਸਿਰ ਦਰਦ *(ਦਰਦ ਨਿਵਾਰਕ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰੋ, ਜਿਵੇਂ ਕਿ ਅਸੀਟਾਮਿਨਾਫ਼ਿਨ (ਸਾਦੀ Tylenol® - ਟਾਇਲਾਨੋਲ))*

- ਮਾਸ-ਪੇਸ਼ੀਆਂ, ਪੱਠਿਆਂ ਵਿੱਚ ਬਹੁਤ ਦਰਦ ਹੋਣਾ ਜਾਂ ਅਕੜੇਵਾਂ ਹੋਣਾ *(ਇਸ ਦੇ ਨਿਵਾਰਨ ਲਈ ਦਵਾਈ ਮੌਜੂਦ ਹੈ, ਆਪਣੇ ਡਾਕਟਰ ਨਾਲ ਗੱਲ ਕਰੋ)*
- ਉਵੱਤ ਆਉਣੇ ਜਾਂ ਪੇਟ ਦਰਦ *(ਆਪਣੀ ਦਵਾਈ ਭੋਜਨ ਦੇ ਨਾਲ ਲਓ)*
- ਭਾਰ ਵਧਣਾ *(ਆਪਣੀ ਖੁਰਾਕ ਤੇ ਨਜ਼ਰ ਰੱਖੋ, ਕਸਰਤ ਵਧਾ ਲਓ)*

**ਅਸਾਧਾਰਨ ਮਾੜੇ ਪ੍ਰਭਾਵ** (ਭਾਵ ਕਿ ਜਿਹੜੇ 5% ਤੋਂ ਵੀ ਘੱਟ ਮਰੀਜ਼ਾਂ ਨੂੰ ਹੁੰਦੇ ਹਨ)

**ਜੇ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਵੀ ਮਾੜਾ ਪ੍ਰਭਾਵ ਮਹਿਸੂਸ ਹੁੰਦਾ ਹੈ ਤਾਂ ਤੁਰੰਤ ਆਪਣੇ ਡਾਕਟਰ ਨੂੰ ਮਿਲੋ:**

- ਬੇਹੋਸ਼ੀ, ਸਿਰ ਘੁੰਮਣਾ, ਸੰਤੁਲਨ ਬਣਾਉਣ ਵਿੱਚ ਦਿੱਕਤ
- ਦਿਲ ਦੀ ਤੇਜ਼ ਜਾਂ ਬੇ-ਤਰਤੀਬੀ ਧੜਕਨ
- ਬੇਚੈਨੀ ਮਹਿਸੂਸ ਹੋਣਾ
- ਬੁਖਾਰ ਜਾਂ ਲੋੜ ਤੋਂ ਵੱਧ ਪਸੀਨਾ
- ਵਾਰ-ਵਾਰ ਪਿਸ਼ਾਬ ਆਉਣਾ ਅਤੇ ਬਹੁਤ ਜ਼ਿਆਦਾ ਪਿਆਸ ਲੱਗਣੀ
- ਚਮੜੀ ਲਾਲ ਹੋ ਜਾਣੀ
- ਮਿਰਗੀ ਪੈਣਾ
- ਸਰੀਰ ਕੰਬਣਾ, ਅਕੜਾਹਟ ਜਾਂ ਤੁਰਨ-ਫਿਰਨ ਵਿੱਚ ਦਿੱਕਤ, ਮਾਸ-ਪੇਸ਼ੀਆਂ ਵਿੱਚ ਕੜਵੱਲ ਪੈਣੇ, ਪਠਿਆਂ ਵਿੱਚ ਬਹੁਤ ਦਰਦ ਹੋਣਾ ਜਾਂ ਅਕੜੇਵਾਂ, ਗਲੇ ਜਾਂ ਵਿੱਚ ਜੀਭ ਵਿੱਚ ਅਕੜਾਹਟ
- ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਦੇ ਵਿਚਾਰ, ਖੁਦਕੁਸ਼ੀ, ਚਿੜ੍ਹਚਿੜ੍ਹੇਪਣ ਵਿੱਚ ਵਾਧਾ, ਕਿਸੇ ਨਾਲ ਗੱਲ ਕਰਨ ਨੂੰ ਦਿਲ ਨਾ ਕਰਨਾ, ਭੈੜਾ ਮਹਿਸੂਸ ਹੋਣਾ
- ਬੇਕਾਬੂ ਆਵੇਗੀ ਵਿਚਾਰ ਜਾਂ ਵਿਹਾਰ (ਜਿਵੇਂ ਕਿ ਜੁਆ ਖੇਡਣ ਜਾਂ ਕਾਮ ਨਾਲ ਸੰਬੰਧਤ ਅਸਾਧਾਰਨ ਇੱਛਾਵਾਂ)
- ਕਮਜ਼ੋਰੀ ਜਾਂ ਪੱਠਿਆਂ ਵਿੱਚ ਤੇਜ਼ ਦਰਦ



ਬਹੁਤ ਹੀ ਘੱਟ ਹੋ ਸਕਣ ਵਾਲੇ ਮਾੜੇ ਪ੍ਰਭਾਵ "ਨਿਊਰੋਲੈਪਟਿਕ ਮੈਲਿਗਨੈਂਟ ਸਿੰਡ੍ਰਮ" ਨਾਲ ਵੀ ਕਈ ਵਾਰ Aripiprazole ਨੂੰ ਸੰਬੰਧਿਤ ਸਮਝਿਆ ਜਾਂਦਾ ਹੈ। ਪੱਠਿਆਂ ਵਿੱਚ ਤੇਜ਼ ਦਰਦ, ਤੇਜ਼ ਬੁਖਾਰ, ਦਿਲ ਦੀ ਤੇਜ਼ ਧੜਕਨ ਅਤੇ ਵੱਧ ਬਲੱਡ-ਪ੍ਰੈਸ਼ਰ, ਦਿਲ ਦੀ ਬੇ-ਤਰਤੀਬੀ ਧੜਕਨ (ਨਬਜ਼), ਪਸੀਨਾ ਆਉਣਾ ਆਦਿ ਇਸ ਦੇ ਲੱਛਣ ਹਨ। ਜੇ ਇਨ੍ਹਾਂ ਵਿੱਚੋਂ ਕੋਈ ਹੋਵੇ ਤਾਂ ਤੁਰੰਤ ਆਪਣੇ ਡਾਕਟਰ ਨਾਲ ਸੰਪਰਕ ਕਰੋ।

ਅਜਿਹਾ ਬਹੁਤ ਹੀ ਘੱਟ ਹੁੰਦਾ ਹੈ ਕਿ Aripiprazole ਨੂੰ "ਟਾਰਡਿਵ ਡਿਸਕਿਨੇਸ਼ੀਆ" ਨਾਮ ਦੇ ਮਾੜੇ ਪ੍ਰਭਾਵ ਨਾਲ ਜੋੜ ਕੇ ਦੇਖਿਆ ਜਾਵੇ। ਜਿਹੜੇ ਮਰੀਜ਼ ਐਂਟੀਸਾਇਕੋਟਿਕ ਦਵਾਈਆਂ ਲੈਂਦੇ ਹਨ, ਉਨ੍ਹਾਂ ਵਿੱਚ ਇਹ ਮਾੜਾ ਪ੍ਰਭਾਵ ਸਥਾਈ ਹੋ ਸਕਦਾ ਹੈ। ਇਸ ਨਾਲ ਸਰੀਰ ਦੇ ਕਈ ਪੱਠੇ ਜਿਵੇਂ ਬੁੱਲ੍ਹ, ਜੀਭ, ਪੈਰਾਂ ਦੀਆਂ ਉਂਗਲਾਂ, ਹੱਥ ਅਤੇ ਗਰਦਨ ਆਦਿ ਆਪਣੇ ਆਪ ਹਰਕਤਾਂ ਕਰਨ ਲੱਗ ਪੈਂਦੇ ਹਨ। ਇਹ ਲੱਛਣ ਵੇਖਦਿਆਂ ਹੀ ਐਂਟੀਸਾਇਕੋਟਿਕ ਦੀ ਵਰਤੋਂ ਰੋਕ ਕੇ ਕਿਸੇ ਦੂਸਰੇ "ਅਟਿਪੀਕਲ" ਐਂਟੀਸਾਇਕੋਟਿਕ ਦੀ ਵਰਤੋਂ ਨਾਲ ਇਹ ਮਾੜਾ ਪ੍ਰਭਾਵ ਹੋਣ ਦੇ ਆਸਾਰ ਘੱਟ ਕੀਤੇ ਜਾ ਸਕਦੇ ਹਨ।



**ਸੁਝਾਅ:** Aripiprazole ਨਾਲ ਕਈ ਵਿਅਕਤੀਆਂ ਨੂੰ ਥਕੇਵਾਂ ਹੋ ਸਕਦਾ ਹੈ, ਚੱਕਰ ਆ ਸਕਦੇ ਹਨ ਜਾਂ ਸੁਸਤੀ ਪੈ ਸਕਦੀ ਹੈ। ਜੇ ਤੁਸੀਂ ਇਨ੍ਹਾਂ ਅਸਥਾਈ ਮਾੜੇ ਪ੍ਰਭਾਵਾਂ ਨੂੰ ਮਹਿਸੂਸ ਕਰਦੇ ਹੋ ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਕੋਈ ਭਾਰੀ ਮਸ਼ੀਨ ਜਾਂ ਗੱਡੀ ਚਲਾਉਣ ਤੋਂ ਪਰਹੇਜ਼ ਕਰੋ।

## *Aripiprazole* ਲੈਂਦੇ ਸਮੇਂ ਮੈਨੂੰ ਅਤੇ ਮੇਰੇ ਡਾਕਟਰ ਨੂੰ ਕਿਹੜੀਆਂ ਸਾਵਧਾਨੀਆਂ ਬਾਰੇ ਸਚੇਤ ਹੋਣਾ ਚਾਹੀਦਾ ਹੈ?

**ਆਪਣੇ ਡਾਕਟਰ ਜਾਂ ਫ਼ਾਰਮਾਸਿਸਟ ਨੂੰ ਦੱਸੋ ਜੇ:**

- ਤੁਹਾਨੂੰ ਐਲਰਜੀਆਂ ਹਨ ਜਾਂ ਤੁਸੀਂ ਕਿਸੇ ਦਵਾਈ ਦੇ ਰੀਐਕਸ਼ਨ ਦਾ ਅਨੁਭਵ ਕੀਤਾ ਹੈ।
- ਤੁਸੀਂ ਕਿਸੇ ਡਾਕਟਰ ਦੀ ਲਿਖੀ ਹੋਈ ਜਾਂ ਉਸ ਦੀ ਸਲਾਹ ਤੋਂ ਬਗੈਰ ਕੋਈ ਦਵਾਈ (ਹਰਬਲ ਉਤਪਾਦਾਂ ਸਮੇਤ) ਲੈ ਰਹੇ ਹੋ, ਜਾਂ ਲੈਣ ਦੀ ਯੋਜਨਾ ਬਣਾ ਰਹੇ ਹੋ। ਕੁੱਝ ਦਵਾਈਆਂ Aripiprazole ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਜੇ ਤੁਸੀਂ ਅਜਿਹੀਆਂ ਦਵਾਈਆਂ ਲੈ ਰਹੇ ਹੋ ਜਿਹੜੀਆਂ Aripiprazole ਨੂੰ ਪ੍ਰਭਾਵਿਤ ਕਰਦੀਆਂ ਹਨ ਤਾਂ ਡਾਕਟਰ ਤੁਹਾਡੀਆਂ ਦਵਾਈਆਂ ਦੀਆਂ ਖ਼ੁਰਾਕਾਂ ਬਦਲ ਸਕਦਾ ਹੈ ਜਾਂ ਤੁਹਾਨੂੰ ਆਪਣੀ ਦੇਖਰੇਖ ਵਿੱਚ ਰੱਖ ਕੇ ਬਹੁਤ ਧਿਆਨ ਨਾਲ ਮਾੜੇ ਪ੍ਰਭਾਵਾਂ ਦੀ ਨਿਗਰਾਨੀ ਕਰ ਸਕਦਾ ਹੈ।
- ਤੁਹਾਡਾ ਜੂਆ ਖੇਡਣ ਦੇ ਵਿਗਾੜ ਦਾ ਪਿਛੋਕੜ ਹੈ।
- ਤੁਹਾਡਾ ਦਿਲ ਦੀ ਬਿਮਾਰੀ, ਡਾਈਬੀਟੀਜ਼ (ਜਾਂ ਪਰਿਵਾਰ ਵਿੱਚ ਡਾਈਬੀਟੀਜ਼) ਜਾਂ ਬਲੱਡ ਪ੍ਰੈਸ਼ਰ ਘੱਟ ਹੋਣ ਦਾ ਪਿਛੋਕੜ ਹੈ।
- ਤੁਹਾਡੀ ਮਾਂਹਵਾਰੀ ਨਹੀਂ ਆਉਂਦੀ, ਤੁਸੀਂ ਗਰਭਵਤੀ ਹੋ (ਜਾਂ ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ) ਜਾਂ ਤੁਸੀਂ ਬੱਚੇ ਨੂੰ ਆਪਣਾ ਦੁੱਧ ਚੁੰਘਾ ਰਹੇ ਹੋ। ਆਪਣੇ ਡਾਕਟਰ ਨੂੰ ਦੱਸੋ ਜੇ Aripiprazole ਲੈਣ ਦੇ ਦੌਰਾਨ ਤੁਸੀਂ ਗਰਭ ਧਾਰਨ ਕਰ ਲੈਂਦੇ ਹੋ।
- ਮੌਜੂਦਾ ਸਮੇਂ ਤੁਸੀਂ ਸ਼ਰਾਬ ਪੀਂਦੇ ਹੋ ਜਾਂ ਕੋਈ ਨਸ਼ਾ ਕਰਦੇ ਹੋ ਕਿਉਂਕਿ ਇਹ ਵਸਤਾਂ Aripiprazole ਦੇ ਅਸਰ ਨੂੰ ਘਟਾ ਸਕਦੀਆਂ ਹਨ ਅਤੇ/ਜਾਂ ਤੁਹਾਨੂੰ ਥਕਾਵਟ ਅਤੇ ਨੀਂਦ ਆਉਣ ਦਾ ਅਹਿਸਾਸ ਹੁੰਦਾ ਹੈ।



**ਸੁਝਾਅ:** ਜਦੋਂ ਤੁਸੀਂ ਇਹ ਦਵਾਈ ਲੈ ਰਹੇ ਹੋ, ਤੁਹਾਡੇ ਤਾਪਮਾਨ ਨੂੰ ਠੀਕ ਰੱਖਣ ਵਿੱਚ ਤੁਹਾਡਾ ਸਰੀਰ ਦਿੱਕਤ ਮਹਿਸੂਸ ਕਰ ਸਕਦਾ ਹੈ। ਇਹ ਗੱਲ ਯਕੀਨੀ ਬਣਾਓ ਕਿ ਤੁਸੀਂ ਕਾਫੀ ਪਾਣੀ ਅਤੇ ਤਰਲ ਪਦਾਰਥ ਪੀਂਦੇ ਹੋ ਤਾਂ ਕਿ ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋ ਜਾਵੇ। ਗਰਮ ਦਿਨਾਂ ਵਿੱਚ ਜ਼ਿਆਦਾ ਸਰੀਰਕ ਗਤੀਵਿਧੀਆਂ ਤੋਂ ਪਰਹੇਜ਼ ਕਰੋ।

## *Aripiprazole* ਲੈਂਦੇ ਹੋਏ ਮੈਨੂੰ ਕਿਹੜੀਆਂ ਵਿਸ਼ੇਸ਼ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ ?

- ਆਪਣੇ ਡਾਕਟਰ ਅਤੇ ਲੈਬੋਰੇਟਰੀ ਦੀਆਂ ਸਾਰੀਆਂ ਅਪੋਇੰਟਮੈਂਟਾਂ ਲਈ ਜਾਓ। ਇਹ ਦੇਖਣ ਲਈ ਕਿ ਤੁਸੀਂ Aripiprazole ਨਾਲ ਕਿਵੇਂ ਅਤੇ ਕਿੰਨਾ ਠੀਕ ਹੋ ਰਹੇ ਹੋ ਅਤੇ ਇਸ ਦੇ ਮਾੜੇ ਪ੍ਰਭਾਂਵਾਂ 'ਤੇ ਨਜ਼ਰ ਰੱਖਣ ਲਈ ਤੁਹਾਡਾ ਡਾਕਟਰ ਕੁੱਝ ਖ਼ਾਸ ਲੈਬ ਟੈਸਟਾਂ ਲਈ ਕਹਿ ਸਕਦਾ ਹੈ।
- ਸਿਹਤਮੰਦ ਅਤੇ ਸੰਤੁਲਿਤ ਭੋਜਨ ਖਾਣ ਦੀ ਕੋਸ਼ਿਸ਼ ਕਰੋ ਅਤੇ ਨਿਯਮਤ ਕਸਰਤ ਕਰੋ। Aripiprazole ਲੈਣ ਦੇ ਦੌਰਾਨ ਕਈ ਵਿਅਕਤੀਆਂ ਦਾ ਭੁੱਖ ਵਧਣ ਕਰਕੇ ਭਾਰ ਵਧ ਜਾਂਦਾ ਹੈ।
- ਕਿਸੇ ਹੋਰ ਨੂੰ ਆਪਣੀ ਦਵਾਈ ਲੈਣ ਦੀ ਇਜਾਜ਼ਤ ਨਾ ਦਿਓ।

## ਜੇ ਮੈਂ *Aripiprazole* ਦੀ ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ Aripiprazole ਰੈਗੂਲਰ ਲੈਂਦੇ ਹੋ ਅਤੇ ਕਿਸੇ ਦਿਨ ਤੁਸੀਂ ਦਵਾਈ ਲੈਣੀ ਭੁੱਲ ਜਾਂਦੇ ਹੋ ਤਾਂ ਉਸ ਖੁੰਝੀ ਹੋਈ ਖ਼ੁਰਾਕ ਨੂੰ ਜਿੰਨੀ ਛੇਤੀ ਹੋਵੇ ਲੈ ਲਓ। ਫਿਰ ਵੀ, ਜੇ ਸਮਾਂ ਲਗਭਗ ਤੁਹਾਡੀ ਅਗਲੀ ਖ਼ੁਰਾਕ ਦਾ ਹੋ ਚੁੱਕਾ ਹੈ (ਜਿਵੇਂ ਕਿ ਅਗਲੀ ਖ਼ੁਰਾਕ ਲੈਣ ਲਈ 4 ਘੰਟਿਆਂ ਤੋਂ ਘੱਟ ਸਮਾਂ ਰਹਿੰਦਾ ਹੈ) ਤਾਂ ਖੁੰਝੀ ਹੋਈ ਖ਼ੁਰਾਕ ਨਾ ਲਓ ਅਤੇ ਆਪਣੀ ਅਗਲੀ ਖ਼ੁਰਾਕ ਲਓ। ਅਗਲੀ ਖ਼ੁਰਾਕ ਨੂੰ ਦੁੱਗਣੀ **ਨਾ** ਕਰੋ।



## *Aripiprazole* ਨੂੰ ਸੰਭਾਲ ਕੇ ਰੱਖਣ ਲਈ ਕਿਸ ਤਰ੍ਹਾਂ ਦੇ ਹਾਲਾਤ ਦੀ ਲੋੜ ਹੁੰਦੀ ਹੈ?

- ਇਸ ਦਵਾਈ ਨੂੰ ਇਸ ਦੀ ਅਸਲੀ ਸ਼ੀਸ਼ੀ ਵਿੱਚ, ਕਮਰੇ ਦੇ ਤਾਪਮਾਨ `ਤੇ ਨਮੀ ਅਤੇ ਤਪਸ਼ ਤੋਂ ਦੂਰ ਰੱਖੋ (ਉਦਾਹਰਣ ਵਜੋਂ, ਇਸ ਨੂੰ ਬਾਥਰੂਮ ਜਾਂ ਰਸੋਈ ਵਿੱਚ ਨਾ ਰੱਖੋ) ਅਤੇ ਰੋਸ਼ਨੀ ਤੋਂ ਬਚਾਓ।
- ਦਵਾਈ ਬੱਚਿਆਂ ਦੀ ਪਹੁੰਚ ਅਤੇ ਨਜ਼ਰ ਤੋਂ ਪਰ੍ਹੇ ਰੱਖੋ।

ਇਲਾਜ ਸੰਬੰਧੀ ਆਪਣੀਆਂ ਚੋਣਾਂ ਬਾਰੇ ਸਮਝਣ ਵਿੱਚ ਆਪਣੇ ਪਰਿਵਾਰ ਦੀ ਮਦਦ ਲਈ ਤੁਸੀਂ ਇਹ ਜਾਣਕਾਰੀ ਆਪਣੇ ਪਰਿਵਾਰ ਨਾਲ ਸਾਂਝੀ ਕਰਨ ਦੇ ਇਛੁੱਕ ਹੋ ਸਕਦੇ ਹੋ। ਕਿਉਂਕਿ ਹਰ ਵਿਅਕਤੀ ਦੀਆਂ ਜ਼ਰੂਰਤਾਂ ਵਖਰੀਆਂ ਹੁੰਦੀਆਂ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ, ਨਰਸ ਅਤੇ/ਜਾਂ ਫ਼ਾਰਮਾਸਿਸਟ ਵੱਲੋਂ ਮਿਲੀ ਸਲਾਹ ਦੀ ਪਾਲਣਾ ਕਰੋ ਅਤੇ ਇਸ ਦਵਾਈ ਬਾਰੇ ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਉਨ੍ਹਾਂ ਨਾਲ ਗੱਲਬਾਤ ਕਰੋ।

*"ਚਾਈਲਡ ਐਂਡ ਅਡੋਲੋਸੈਂਟ ਮੈਂਟਲ ਹੈਲਥ ਪ੍ਰੋਗਰਾਮ" ਦੇ ਸਿਹਤ ਸੰਭਾਲ ਪੇਸ਼ੇਵਰਾਂ ਵੱਲੋਂ ਤਿਆਰ ਕੀਤਾ ਗਿਆ ਅਤੇ "ਕੈਲਟੀ ਮੈਂਟਲ ਹੈਲਥ ਰੀਸੋਰਸ ਸੈਂਟਰ" ਦੇ ਸਟਾਫ਼ ਵੱਲੋਂ ਇਸ ਦੀ ਸਮੀਖਿਆ ਕੀਤੀ ਗਈ।*